ਵੱਲੋ

ਖੇਤੀਬਾੜੀ ਅਫਸਰ
ਸੰਗਤ।

ਸੇਵਾ ਵਿਖੇ

ਜ਼ਿਲ੍ਹਾ ਸਿੱਖਿਆ ਅਫਸਰ
ਬਠਿੰਡਾ।

ਪੱਤਰ ਨੰ: 540 ਮਿਤੀ 10-11-2022

ਵਿਸ਼ਾ:- ਇੰਨ ਸਿਟੂ ਸੀ.ਆਰ. ਐਮ. ਸਕੀਮ ਸਾਲ 2022-23 ਦੌਰਾਨ ਆਈ.ਈ.ਸੀ. ਕੰਪੋਨੈਂਟ ਰਾਹੀ ਸਕੂਲੀ ਬੱਚਿਆਂ ਦਾ ਪਰਾਲੀ ਦੀ ਸਾਂਭ ਸੰਭਾਲ ਅਤੇ ਪਰਾਲੀ ਸਾੜਨ ਨਾਲ ਵਾਤਾਵਰਨ ਅਤੇ ਸਿਹਤ ਤੇ ਪੈ ਰਹੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਹਿੱਤ ਲੇਖ/ ਪੇਟਿੰਗ/ ਭਾਸ਼ਣ ਮੁਕਾਬਲੇ ਕਰਵਾਉਣ ਸਬੰਧੀ।

ਹਵਾਲਾ:- ਸੰਯੁਕਤ ਡਾਇਰੈਕਟਰਖੇਤੀਬਾੜੀ (ਇੰਜ.), ਪੰਜਾਬ ਜੀ ਦਾ ਮੀਮੋ ਨੰ: 2022/2064-85 ਮਿਤੀ 31.08.2022 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਠਿੰਡਾ ਬਲਾਕ ਸੰਗਤ ਵੱਲੋਂ ਝੋਨੇ
ਪਰਾਲੀ ਸਾੜਨ ਨਾਲ ਮਨੁੱਖੀ ਸਿਹਤ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਹਿੱਤ ਸਕੂਲੀ ਬੱਚਿਆਂ ਦਾ ਲ
ਲਿਖਣ, ਪੇਟਿੰਗ, ਭਾਸ਼ਣ ਆਦਿ ਦੇ ਮੁਕਾਬਲੇ ਕਰਵਾਏ ਜਾਣੇ ਹਨ। ਜਿਸ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਿ
ਵੀ ਕੀਤਾ ਜਾਵੇਗਾ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੇਠ ਲਿਖੇ ਸਕੂਲਾਂ ਨੂੰ ਇਸ ਮੁਹਿੰਮ ਵਿੱਚ ਭਾਗ ਲੈਣ ਦੀ ਹਦਾਇਤ ਕੀਤੀ ਜਾ
:-

ਲੜੀ ਨੰ:	ਸਕੂਲ ਦਾ ਨਾਮ	ਲੜੀ ਨੰ:	ਸਕੂਲ ਦਾ ਨਾਮ
1	ਸ.ਸ.ਸ.ਸਕੂਲ,ਰਾਏ ਕੇ ਕਲਾਂ	2	ਅ.ਸ.ਸ.ਸਕੂਲ, ਨੰਦਗੜ
3	ਸ.ਸ.ਸ.ਸਕੂਲ, ਜੰਗੀਰਾਣਾ	4	ਸਰਕਾਰੀ ਮੌਡਲ ਸਕੂਲ, ਰਾਏ ਕੇ ਕਲਾਂ
5	ਸ.ਸ.ਸ.ਸਕੂਲ, ਕਾਲਝਰਾਣੀ	6	ਸ.ਹ. ਸਕੂਲ, ਬਾਜਕ
7	ਸ.ਹ. ਸਕੂਲ ਬੰਬੀਹਾ	8	ਸ.ਮ. ਸਕੂਲ, ਚੱਕ ਅਤਰ ਸਿੰਘ
9	ਸ.ਮ.ਸਕੂਲ ਲੁਲਬਾਈ	10	ਸ.ਮ.ਸਕੂਲ, ਧੁੰਨੀਕੇ

ਤਾਂ ਜੋ ਇਨ੍ਹਾਂ ਸਕੂਲਾਂ ਦੇ ਵਿਦਿਆਰਥੀ ਹੇਠ ਲਿਖੇ ਅਨੁਸਾਰ ਉਲੀਕੇ ਗਏ ਪ੍ਰੋਗਰਾਮ ਮੁਤਾਬਿਕ ਪ੍ਰਤਿਯੋਗਤਾ ਵਿੱਚ ਭਾਗ ਲੈ ਸਕਣ:-

ਲੜੀ ਨੰ:	ਮੁਕਾਬਲੇ ਦਾ ਵੇਰਵਾ	ਭਾਗ ਲੈਣ ਵਾਲੀਆਂ ਜਮਾਤਾਂ	ਸਮਾਂ	ਮਿਤੀ ਅਤੇ ਸਥਾਨ
1	ਪੇਂਟਿੰਗ/ ਡਰਾਇੰਗ	ਛੇਵੀਂ, ਸੱਤਵੀਂ, ਅੱਠਵੀਂ	10.00 ਵਜੇ	ਮਿਤੀ 16.11.2022, ਸ.ਸ.ਸ.ਸਕੂਲ, ਰਾਏ ਕੇ ਕਲਾਂ
2	ਲੇਖ ਲਿਖਣਾ	ਨੌਵੀਂ, ਦਸਵੀਂ	11.00 ਵਜੇ	
3	ਭਾਸ਼ਣ	ਗਿਆਰਵੀਂ, ਬਾਰ੍ਹਵੀਂ	12.00 ਵਜੇ	

ਨੋਟ:- 1. ਇੱਕ ਸਕੂਲ ਵਿੱਚੋਂ ਇੱਕ ਮੁਕਾਬਲੇ ਲਈ ਵੱਧ ਤੋਂ ਵੱਧ ਤਿੰਨ ਬੱਚੇ ਭੇਜੇ ਜਾ ਸਕਦੇ ਹਨ।

2. ਸਬੰਧਤ ਸਕੂਲਾਂ ਵੱਲੋਂ ਭੇਜੇ ਜਾ ਰਹੇ ਬੱਚਿਆਂ ਦੀ ਸੂਚੀ ਮਿਤੀ 14.11.2022 ਤੱਕ ਵੱਟਸਐਪ ਨੰ: 9814727532 ਤੇ ਭੇਜਣਾ ਯਕੀਨੀ ਬਣਾਇਆ ਜਾਵੇ।

3. ਮੁਕਾਬਲਿਆਂ ਲਈ ਨਿਰਧਾਰਿਤ ਵਿਸ਼ੇ ਹੇਠ ਲਿਖੇ ਅਨੁਸਾਰ ਹਨ:-

ੳ) ਪਰਾਲੀ ਨੂੰ ਮਿੱਟੀ ਵਿੱਚ ਮਿਲਾਉਣ ਦੇ ਲਾਭ
ਅ) ਪਰਾਲੀ ਨੂੰ ਸਾੜਨ ਨਾਲ ਵਾਤਾਵਰਣ ਤੇ ਹੋਣ ਵਾਲੇ ਨੁਕਸਾਨ
ੲ) ਪਰਾਲੀ ਦੀ ਸਾਂਭ ਸੰਭਾਲ ਦੇ ਤਰੀਕੇ
ਸ) ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਫੈਲਾਉਣ ਦੇ ਵੱਖ-ਵੱਖ ਤਰੀਕੇ
ਹ) ਪਰਾਲੀ ਸਾੜਨ ਨਾਲ ਮਨੁੱਖੀ ਸਿਹਤ ਤੇ ਪੈ ਰਹੇ ਮਾੜੇ ਪ੍ਰਭਾਵ

ਖੇਤੀਬਾੜੀ ਅਫਸਰ
ਸੰਗਤ।

ਪਿੱਠ ਅੰਕਣ ਨੰ: 541-44 ਮਿਤੀ 10/11/2022

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ।
2. ਮਾਨਯੋਗ ਉਪ-ਮੰਡਲ ਮੈਜਿਸਟਰੇਟ, ਬਠਿੰਡਾ।
3. ਮੁੱਖ ਖੇਤੀਬਾੜੀ ਅਫਸਰ, ਬਠਿੰਡਾ।
4. ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਏ ਕੇ ਕਲਾਂ।

ਜੀ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਖੇਤੀਬਾੜੀ ਅਫਸਰ
ਸੰਗਤ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ।
ਪੱਤਰ ਨੰ: ਈ-1/1 (1)2022/1888 ਮਿਤੀ: 11/11/22
ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀਆਂ ਨੂੰ [illegible] ਪਾਲਣਾ ਹਿਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।